# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਈ-ਬਲਾਕ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ-8 ਐਸ.ਏ.ਐਸ.ਨਗਰ

Email:- directorscert@punjabeducation.gov.in ਫੋਨ ਨੰਬਰ: 0172-2212221


ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੰ)
ਸਮੂਹ 'ਸਕੂਲ ਆਫ਼ ਐਮੀਨੈਂਸ' (SOE) ਸਕੂਲ ਮੁੱਖੀ
ਪੰਜਾਬ।

ਮੀਮੋਂ ਨੰ:- SCERT-EXAM0GENL/7/2023-SDP-SCERT/615441
ਮਿਤੀ: ਐਸ.ਏ.ਐਸ.ਨਗਰ, 29-02-2024

ਵਿਸ਼ਾ:-'ਸਕੂਲ ਆਫ਼ ਐਮੀਨੈਂਸ' (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਕਲਾਸਾਂ ਵਿੱਚ ਦਾਖਲੇ ਲਈ ਵਿਦਿਆਰਥੀਆਂ ਦੀ ਰਜਿਸ਼ਟ੍ਰੇਸ਼ਨ ਸਬੰਧੀ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਾਲ ਨੱਥੀ ਲਿਸਟ ਵਿੱਚ ਦਰਸਾਏ ਆਪ ਦੇ ਜ਼ਿਲ੍ਹੇ ਦੇ SOE ਅਧੀਨ ਚੁਣੇ ਗਏ ਸਕੂਲਾਂ ਵਿੱਚ SOE ਸਕੂਲਾਂ ਦੇ ਨੇੜਲੇ ਫੀਡਰ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ 8ਵੀਂ ਅਤੇ 10ਵੀਂ ਕਲਾਸਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ 9ਵੀਂ ਅਤੇ 11ਵੀਂ ਕਲਾਸਾਂ ਵਿੱਚ ਦਾਖਲਾ ਲੈਣ ਲਈ ਮਿਤੀ 30-03-2024 (ਸ਼ਨੀਵਾਰ) ਨੂੰ ਦਾਖਲਾ ਪ੍ਰੀਖਿਆ ਲਈ ਜਾ ਰਹੀ ਹੈ।
2. ਇਸ ਦਾਖਲਾ ਪ੍ਰੀਖਿਆ ਲਈ ਵਿਦਿਆਰਥੀਆਂ ਵੱਲੋਂ ਮਿਤੀ 24-02-2024 ਤੋਂ 15-03-2024 ਤੱਕ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ।
3. ਵਿਦਿਆਰਥੀਆਂ ਵੱਲੋਂ ਸਿੱਖਿਆ ਵਿਭਾਗ ਦੇ ਹੇਠ ਲਿਖੇ ਪੋਰਟਲਾਂ ਤੇ ਦਾਖਲਾ ਪ੍ਰੀਖਿਆ ਲਈ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ।

   www.epunjabschool.gov.in
   www.ssapunjab.org
   www.pseb.ac.in
   https://schoolofeminence.pseb.ac.in

   ਵਿਦਿਆਰਥੀਆਂ ਵੱਲੋਂ ਰਜਿਸਟ੍ਰੇਸ਼ਨ ਹੇਠ ਲਿਖੀ ਵਿਧੀ ਅਨੁਸਾਰ ਕੀਤੀ ਜਾ ਸਕਦੀ ਹੈ :-

i. https://schoolofeminence.pseb.ac.in ਪੋਰਟਲ ਖੋਲਿਆ ਜਾਵੇ।

ii. ਪੋਰਟਲ ਉੱਤੇ ਦਿੱਤੇ ਲਿੰਕ "Registration" ਉੱਤੇ ਕਲਿੱਕ ਕੀਤਾ ਜਾਵੇ।

iii. ਵਿਦਿਆਰਥੀ ਵਲੋਂ ਜਿਸ ਜਮਾਤ ਵਿਚ ਦਾਖਲਾ ਲੈਣਾ ਹੈ, ਮੌਜੂਦਾ ਬੋਰਡ (ਵਿਦਿਆਰਥੀ 8ਵੀਂ ਅਤੇ 10ਵੀਂ ਪ੍ਰੀਖਿਆ ਜਿਸ ਬੋਰਡ ਅਧੀਨ ਕਰ ਰਿਹਾ ਹੈ), ਪੰਜਾਬ ਸਕੂਲ ਸਿਖਿਆ ਦੇ ਵਿਦਿਆਰਥੀਆਂ ਲਈ ਬੋਰਡ ਰੋਲ ਨੰਬਰ ਅਤੇ ਬਾਕੀ ਬੋਰਡਾਂ ਲਈ ਸਕੂਲ U-DISE ਕੋਡ ਭਰਕੇ FETCH ਕਲਿੱਕ ਕੀਤਾ ਜਾਵੇ ਅਤੇ ਬਾਕੀ ਲੋੜੀਂਦੀ ਜਾਣਕਾਰੀ ਸਬੰਧਤ ਕਾਲਮਾਂ ਵਿਚ ਭਰੀ ਜਾਵੇ।

iv. ਸਿਸਟਮ ਵਿੱਚ ਵਿਦਿਆਰਥੀਆਂ ਦੀ ਜਾਣਕਾਰੀ ਵੈਰੀਫਾਈ ਹੋਣ ਉਪਰੰਤ ਵਿਦਿਆਰਥੀ ਵਲੋਂ ਆਪਣਾ ਮੋਬਾਇਲ ਨੰਬਰ ਅਤੇ ਪਾਸਵਰਡ, ਜੋ ਵੀ ਉਹ ਰੱਖਣਾ ਚਾਹੁੰਦਾ ਹੈ,ਅੰਕਿਤ ਕੀਤਾ ਜਾਵੇਗਾ

Scanned with OKEN Scanner

ਅਤੇ "Registered" ਬਟਨ ਤੇ ਕਲਿੱਕ ਕੀਤਾ ਜਾਵੇ। ਰਜਿਸਟ੍ਰੇਸ਼ਨ ਉਪਰੰਤ ਵਿਦਿਆਰਥੀ ਨੂੰ ਉਸ ਵੱਲੋਂ ਭਰੇ ਗਏ ਮੋਬਾਇਲ ਨੰਬਰ ਉੱਤੇ ਰਜਿਸਟ੍ਰੇਸ਼ਨ ਸਬੰਧੀ ਜਾਣਕਾਰੀ ਭੇਜੀ ਜਾਵੇਗੀ।

v. ਰਜਿਸਟ੍ਰੇਸ਼ਨ ਹੋਣ ਉਪਰੰਤ ਵਿਦਿਆਰਥੀ ਵਲੋਂ "Login" ਲਿੰਕ ਉੱਤੇ ਕਲਿੱਕ ਕਰਕੇ ਰਜਿਸਟ੍ਰੇਸ਼ਨ ਦੌਰਾਨ ਰੱਖੇ ਗਏ ਪਾਸਵਰਡ ਦੀ ਮਦਦ ਨਾਲ Login ਕੀਤਾ ਜਾ ਸਕਦਾ ਹੈ।

vi. Login ਹੋਣ ਉਪਰੰਤ ਵਿਦਿਆਰਥੀ ਵਲੋਂ ਆਨਲਾਈਨ ਫਾਰਮ ਵਿਚ ਦਿੱਤੇ ਕਾਲਮ ਭਰ ਕੇ ਇਸ ਨੂੰ ਆਨਲਾਈਨ Submit ਕੀਤਾ ਜਾ ਸਕਦਾ ਹੈ।

vii. Submit ਕਰਨ ਤੋਂ ਪਹਿਲਾਂ ਭਰੀ ਗਈ ਜਾਣਕਾਰੀ ਨੂੰ ਚੰਗੀ ਤਰ੍ਹਾਂ ਨਾਲ ਚੈੱਕ ਜ਼ਰੂਰ ਕਰ ਲਿਆ ਜਾਵੇ।

viii. ਉਕਤ ਅਨੁਸਾਰ ਵਿੱਚ ਦਾਖਲੇ ਲਈ ਪ੍ਰਕ੍ਰਿਆ ਜਾਨਣ ਲਈ https://youtu.be/Ry8v-EIC1-Y?si=4s59zX7SGtbcuB-N ਲਿੰਕ 'ਤੇ ਉਪਲੱਬਧ ਵੀਡਿਓ ਵੀ ਦੇਖੀ ਜਾ ਸਕਦੀ ਹੈ।

4. ਇਸ ਦਾਖਲਾ ਪ੍ਰੀਖਿਆ ਦੀ ਪੂਰੀ ਜਾਣਕਾਰੀ ਨਾਲ ਨੱਥੀ ਕੀਤੀ ਜਾ ਰਹੀ ਹੈ ਅਤੇ ਸਿੱਖਿਆ ਵਿਭਾਗ ਪੰਜਾਬ ਦੀ ਵੈਬਸਾਈਟ www.ssapunjab.org ਤੇ ਅਪਲੋਡ ਕੀਤੀ ਗਈ ਹੈ।

5. ਜ਼ਿਲ੍ਹੇ ਦੇ SOE ਸਕੂਲਾਂ ਵਿਚ ਦਾਖਲਾ ਲੈਣ ਲਈ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਲਈ ਜਿਲ੍ਹਾ ਪੱਧਰ ਅਤੇ ਸਕੂਲ ਪੱਧਰ ਤੇ ਨਿਮਨ ਅਨੁਸਾਰ ਕਮੇਟੀਆਂ ਦਾ ਗਠਨ ਕੀਤਾ ਜਾਵੇ ਅਤੇ ਰਜਿਸਟ੍ਰੇਸ਼ਨ ਵਧਾਉਣ ਲਈ ਹਰੇਕ ਪੱਧਰ ਤੇ ਹੇਠ ਲਿਖੇ ਅਨੁਸਾਰ ਕਮੇਟੀ ਮੈਂਬਰਾਂ ਦੀ ਡਿਊਟੀ ਫਿਕਸ ਕੀਤੀ ਜਾਵੇ:-

ਜਿਲ੍ਹਾ ਪੱਧਰ ਦੀ ਕਮੇਟੀ :

| ਲੜੀ ਨੰ. | ਕਮੇਟੀ ਮੈਂਬਰਾਂ ਦੇ ਨਾਂ | ਕਮੇਟੀ ਵਿੱਚ ਅਹੁਦਾ | ਵਿਸ਼ੇਸ਼ ਕਥਨ |
|---|---|---|---|
| 1. | ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੰ) | ਚੇਅਰਮੈਨ | |
| 2. | ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੰ) | ਜਿਲ੍ਹਾ ਨੋਡਲ | |
| 3. | ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ | ਮੈਂਬਰ | |
| 4. | ਬਲਾਕ ਨੋਡਲ ਅਫ਼ਸਰ | ਮੈਂਬਰ | |
| 5. | ਡੀ.ਐਮ.(MIS) | ਮੈਂਬਰ | |

ਕਲੱਸਟਰ ਪੱਧਰ ਦੀ ਕਮੇਟੀ :

| ਲੜੀ ਨੰ. | ਕਮੇਟੀ ਮੈਂਬਰਾਂ ਦੇ ਨਾਂ | ਕਮੇਟੀ ਵਿੱਚ ਅਹੁਦਾ | ਵਿਸ਼ੇਸ਼ ਕਥਨ |
|---|---|---|---|
| 1. | ਪ੍ਰਿੰਸੀਪਲ, ਸੰਬੰਧਤ SOE | ਕਲੱਸਟਰ ਨੋਡਲ | |
| 2. | ਸੰਬੰਧਤ SOE ਨਾਲ Mapped ਸਕੂਲ ਦਾ ਮੁੱਖੀ | ਸਕੂਲ ਨੋਡਲ | |
| 3. | ਸੰਬੰਧਤ SOE ਨਾਲ Mapped ਸਕੂਲ ਦੇ 8ਵੀਂ ਅਤੇ 10ਵੀਂ ਜਮਾਤਾਂ ਦੇ ਇੰਚਾਰਜ ਅਧਿਆਪਕ | ਮੈਂਬਰ | |

| | | | |
|---|---|---|---|
| 4. | ਸੰਬੰਧਤ SOE ਨਾਲ Mapped ਸਕੂਲ ਦਾ ਕੰਪਿਊਟਰ ਅਧਿਆਪਕ | ਮੈਂਬਰ | ਹਰੇਕ ਸਕੂਲ ਦੇ ਕੰਪਿਊਟਰ ਅਧਿਆਪਕ ਵੱਲੋਂ 8ਵੀਂ ਅਤੇ 10ਵੀਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਦਾਖਲਾ ਪ੍ਰੀਖਿਆ ਲਈ ਅਪਲਾਈ ਕਰਵਾਇਆ ਜਾਵੇਗਾ। |

6. ਫੀਡਰ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਲਈ SOE ਸਕੂਲ ਦਾ ਪ੍ਰਿੰਸੀਪਲ ਕਲੱਸਟਰ ਨੋਡਲ ਅਫਸਰ ਹੋਵੇਗਾ।
7. SOE ਸਕੂਲਾਂ ਵਿਚ ਤੈਨਾਤ ਕਿਸੇ ਇੱਕ ਅਧਿਆਪਕ ਦੀ ਡਿਊਟੀ ਫੀਡਰ ਸਕੂਲਾਂ ਵਿੱਚ ਰਜਿਸਟ੍ਰੇਸ਼ਨ ਸੰਬੰਧੀ ਆ ਰਹੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਤੇ ਲਗਾਈ ਜਾਵੇ ਅਤੇ ਉਹਨਾਂ ਦੇ ਸਪੰਰਕ ਨੰਬਰਾਂ ਦੀ ਲਿਸਟ ਜਿਲ੍ਹਾ ਪੱਧਰ ਤੇ ਸ਼ੇਅਰ ਕੀਤੀ ਜਾਵੇ।
8. ਸਕੂਲ ਮੁੱਖੀ ਆਪਣੇ ਸਕੂਲ ਨੋਡਲ ਅਫਸਰ ਹੋਵੇਗਾ, ਸਕੂਲ ਦੇ ਵਿਦਿਆਰਥੀਆਂ ਨੂੰ SOE ਸਕੂਲ ਵਿੱਚ ਦਾਖਲਾ ਲੈਣ ਪੋਰਟਲ ਤੇ ਸਬੰਧਤ ਸਕੂਲ ਦੇ ਕੰਪਿਊਟਰ ਅਧਿਆਪਕ ਵੱਲੋਂ ਰਜਿਸਟਰ ਕੀਤਾ ਜਾਵੇਗਾ।
9. SOE ਸਕੂਲ ਵਿੱਚ ਦਾਖਲਾ ਲੈਣ ਲਈ ਉਸ ਦੇ ਫੀਡਰ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੀ ਰਜਿਸਟ੍ਰੇਸ਼ਨ ਕਰ ਸਕਦੇ ਹਨ।
10. SOE ਸਕੂਲ ਦੇ ਪ੍ਰਿੰਸੀਪਲ ਵੱਲੋਂ ਅਧਿਆਪਕਾਂ ਦੀਆਂ ਡਿਊਟੀਆਂ ਫੀਡਰ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ SOE ਸਕੂਲਾਂ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ, ਇਹਨਾਂ ਸਕੂਲਾਂ ਵਿੱਚ ਦਾਖਲਾ ਕਰਵਾਉਣ ਲਈ ਪ੍ਰੇਰਿਤ ਕਰਨ ਲਈ ਲਗਾਈਆਂ ਜਾਣ।
11. ਜ਼ਿਲ੍ਹਾ ਸਿੱਖਿਆ ਅਫਸਰਾਂ (ਸੈਸਿੱ) ਅਤੇ ਸਕੂਲਾਂ ਦੇ ਪ੍ਰਿੰਸੀਪਲਾਂ ਵੱਲੋਂ SOE ਸਕੂਲਾਂ ਵਿਚ ਦਾਖਲੇ ਲਈ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਲਈ ਆਪਣੇ ਪੱਧਰ ਤੇ ਵੱਖ-ਵੱਖ ਤਰ੍ਹਾਂ ਦੀਆਂ ਯੋਜਨਾਵਾਂ ਬਣਾਈਆਂ ਜਾਣ।
12. ਜ਼ਿਲ੍ਹੇ ਦੇ ਸਾਰੇ SOE ਸਕੂਲਾਂ ਵਿਚ ਦਾਖਲਾ ਲੈਣ ਲਈ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ), ਉਪ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ), ਬਲਾਕ ਨੋਡਲ ਅਫਸਰ ਅਤੇ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਵੱਲੋਂ ਪ੍ਰਾਈਵੇਟ, ਸਰਕਾਰੀ, ਅਰਧ ਸਰਕਾਰੀ, PSEB, CBSE, ICSE ਜਾਂ ਕਿਸੇ ਹੋਰ ਬੋਰਡ ਨਾਲ affiliated ਸਕੂਲਾਂ ਦੇ ਵਿਦਿਆਰਥੀਆਂ ਨੂੰ 9ਵੀਂ ਅਤੇ 11ਵੀਂ ਕਲਾਸਾਂ ਵਿੱਚ ਰਜਿਸਟ੍ਰੇਸ਼ਨ ਕਰਵਾਇਆ ਜਾਵੇ ਅਤੇ ਰੋਜਾਨਾ ਰਜਿਸਟ੍ਰੇਸ਼ਨ ਸਬੰਧੀ ਰਿਪੋਰਟ ਅਪਡੇਟ ਕੀਤੀ ਜਾਵੇ।
13. SOE ਸਕੂਲਾਂ ਵਿੱਚ ਸਾਲ 2023-24 ਦੌਰਾਨ 8ਵੀਂ ਅਤੇ 10ਵੀਂ ਕਲਾਸਾਂ ਵਿਚ ਪੜ੍ਹਦੇ ਵਿਦਿਆਰਥੀ ਸਾਲ 2024-25 ਲਈ 9ਵੀਂ ਅਤੇ 11ਵੀਂ ਕਲਾਸਾਂ ਵਿੱਚ ਦਾਖਲਾ ਲੈਣ ਦੇ ਯੋਗ ਹੋਣਗੇ।

Scanned with OKEN Scanner

ਨੱਥੀ:- SOE ਸਕੂਲਾਂ ਨਾਲ Mapped ਸਕੂਲਾਂ ਦੀ ਲਿਸਟ ਸਮੇਤ ਉਹਨਾਂ ਵਿੱਚ 8ਵੀਂ ਅਤੇ 10ਵੀਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਗਿਣਤੀ।

ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ  ਮਿਤੀ:- ਐਸ.ਏ.ਐਸ. ਨਗਰ, 29-02-2024

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੰ), ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

ਪਿੱਠ ਅੰਕਣ ਨੰ- ਕ-6/2024/902  ਮਿਤੀ 06/03/24

ਉਪਰੋਕਤ ਪੱਤਰ ਦੇ ਸਬੰਧ ਵਿਚ ਸਮੂਹ ਸਕੂਲਾਂ ਅਤੇ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਜਿਲ੍ਹੇ ਦੇ ਐਮੀਨੈਂਸ ਸਕੂਲ ਵਿਚ ਦਾਖਲਾ ਲਈ ਮਿਤੀ 30-3-2024 ਨੂੰ ਪ੍ਰੀਖਿਆ ਕਰਵਾਈ ਜਾਣੀ ਹੈ ਜਿਸ ਸਬੰਧੀ ਰਜਿਸਟ੍ਰੇਸ਼ਨ 15-3-2024 ਤੱਕ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ. ਸਿ)
ਬਠਿੰਡਾ।

06/03/24